## ਅਸੀਂ ਕੀ ਕਰਦੇ ਹਾਂ...

- ਬਲਾਤਕਾਰ, ਵਰਜਤ ਭੋਗ ਅਤੇ ਜਿਨਸੀ ਦੁਰਵਿਹਾਰ ਬਾਰੇ ਗੁੱਪਤ ਸਲਾਹ ਦਿੰਦੇ ਹਾਂ।
- ਅਸੀਂ ਪੁਲਿਸ, ਡਾਕਟਰੀ ਅਤੇ ਕਾਨੂੰਨੀ ਕਾਰ-ਵਾਈਆਂ ਬਾਰੇ ਸਮਝਾ ਸਕਦੇ ਹਾਂ।
- ਸ਼ਿਕਾਰ ਹੋਇਆਂ (ਮਰਦਾਂ ਅਤੇ ਔਰਤਾਂ) ਨੂੰ ਸਹਾਇਤਾ ਅਤੇ ਅਮਲੀ ਸਲਾਹ ਪੇਸ਼ ਕਿਰਦੇ ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ/ਦੋਸਤਾਂ ਨੂੰ ਵੀ।
- ਬਲਾਤਕਾਰ ਅਤੇ ਜਿਨਸੀ ਦੁਰਵਿਹਾਰ ਦੇ ਵਿਸ਼ੇ ਸੰਬੰਧੀ ਸਮੂਹਾਂ ਨਾਲ ਗੱਲਬਾਤ ਕਰਨ ਲਈ ਬੁਲਾਰੇ ਮੁਹੱਈਆ ਕਰਦੇ ਹਾਂ ਅਤੇ ਇਸ ਤਰ੍ਹਾਂ ਕਰਕੇ ਲੋਕਾਂ ਨੂੰ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਈ ਹੁੰਦੇ ਹਾਂ।
- ਅਪਰਾਧੀ ਸੱਟਾਂ ਫੇਟਾਂ ਲਈ ਮੁਆਵਜ਼ੇ ਦੀ ਯੋਜਨਾ ਬਾਰੇ ਸ਼ਿਕਾਰਾਂ ਨੂੰ ਮਦਦ ਅਤੇ ਸਲਾਹ ਪ੍ਰਦਾਨ ਕਰਦੇ ਹਾਂ।

ਮੁੱਫਤ ਅਤੇ ਬਿਲਕੱਲ ਗੁੱਪਤ
ਸਲਾਹ ਲਈ
**(01604) 250721 ਤੇ ਫ਼ੋਨ ਕਰ**

**www.nricc.com**

NORTHAMPTONSHIRE
**RAPE & INCEST CRISIS CENTRE**
Confidential advice on Rape, Incest & Sexual Abuse

OFFICE FOR CRIMINAL JUSTICE REFORM
Criminal Justice System: working together for the public

ਰਜਿਸਟਰਡ ਚੈਰਿਟੀ ਨੰਬਰ: 297043

# ਫਰਜ਼ੀ ਗੱਲਾਂ ਦਾ ਪਰਦਾ ਫਾਸ਼ ਕਰਨਾ

NORTHAMPTONSHIRE
**RAPE & INCEST CRISIS CENTRE**
Confidential advice on Rape, Incest & Sexual Abuse



## ਬਲਾਤਕਾਰ, ਵਰਜਤ ਭੋਗ ਅਤੇ ਜਿਨਸੀ ਦੁਰਵਿਹਾਰ ਬਾਰੇ ਗੁੱਪਤ ਸਲਾਹ

Community Legal Service Direct

ਐਨ.ਆਰ.ਆਈ.ਸੀ.ਸੀ. (ਣੜੀਚਚ) ਨੂੰ
**ਨੌਰਥਾਂਪਟਨ ਬਰਾ ਕਾਉਂਸਲ**
ਅਤੇ
**ਨੌਰਥਾਂਪਟਨ ਕਾਉਂਟੀ ਕਾਉਂਸਲ ਗ੍ਰਾਂਟ ਦੀ ਸਹਾਇਤਾ ਦਿੰਦੀਆਂ ਹਨ**

ਇਹ ਪਰਚਾ ਬਲਾਤਕਾਰ ਦੇ ਵਿਸ਼ੇ ਸੰਬੰਧੀ ਜਾਣਕਾਰੀ ਦੇਣ ਲਈ ਅਤੇ ਇਸ ਦੁਆਲੇ ਪੈਦਾ ਹੋਈਆਂ ਕੁੱਝ ਫਰਜ਼ੀ ਗੱਲਾਂ ਖ਼ਤਮ ਕਰਨ ਲਈ ਲਿੱਖਿਆ ਗਿਆ ਹੈ। ਇਹ ਨੌਰਥਾਂਪਟਨਸ਼ਰ ਬਲਾਤਕਾਰ ਅਤੇ ਵਰਜਤ ਭੋਗ ਸੰਕਟ ਕੇਂਦਰ ਨੇ ਉਤਪਾਦਿੱਤ ਕੀਤਾ ਹੈ – ਸਾਡਾ ਟੈਲੀਫ਼ੋਨ ਨੰਬਰ (01604) 250721 ਹੈ।

ਭਾਵੇਂ ਬ੍ਰਤਾਨੀਆ ਭਰ ਵਿੱਚ ਕੁੱਝ ਗਿਣਤੀ ਦੇ ਕੇਂਦਰ ਮੌਜੂਦ ਹਨ, ਨੌਰਥਾਂਪਟਨਸ਼ਰ ਕੇਂਦਰ ਬਾਕੀ ਹੋਰਨਾਂ ਨਾਲੋਂ ਵੱਖਰਾ ਅਤੇ ਅਲੱਗ ਹੈ। ਸਾਡੇ ਕੋਲ ਵਚਨਬੱਧ ਕਰਮਚਾਰੀ ਅਤੇ ਸਵੈ-ਸੇਵਕ ਹਨ, ਜੋ ਬਿਨ੍ਹਾਂ ਕਿਸੇ ਦੀ ਪਰਖ ਕਰਨ ਤੋਂ ਗੱਲਬਾਤ ਸੁਣਨਗੇ ਅਤੇ ਜੋ ਅਮਲੀ ਮਦਦ ਅਤੇ ਸਲਾਹ ਦੇਣ ਦੇ ਯੋਗ ਹਨ।

## ਫਰਜ਼ੀ ਗੱਲਾਂ

ਪਹਿਲਾਂ ਤਾਂ, ਆਪਾਂ ਗਲਤ ਫੈਹਮੀਆਂ ਬਾਰੇ ਵਿਚਾਰ ਕਰਦੇ ਹਾਂ। ਇਹ ਆਮ ਪ੍ਰਚਲਤ ਹਨ ਅਤੇ ਜ਼ਿਆਦਾਤਰ ਡਰ ਅਤੇ ਅਗਿਆਨ ਕਾਰਨ ਪੈਦਾ ਹੋਈਆਂ ਹਨ। ਬਲਾਤਕਾਰ ਸੱਭ ਤੋਂ ਘੱਟ ਰਿਪੋਰਟ ਕੀਤੇ ਜਾਣ ਵਾਲੇ ਅਪਰਾਧਾਂ ਵਿੱਚੋਂ ਇੱਕ ਹੈ। ਇਹ ਸੰਭਵ ਹੈ ਕਿ ਹਰ ਰਿਪੋਰਟ ਕੀਤੇ ਜਾਂਦੇ ਬਲਾਤਕਾਰ ਲਈ, ਤਿੰਨਾਂ ਤੱਕ ਦੀ ਰਿਪੋਰਟ ਹੀ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ ਆਮ ਕਰਕੇ ਇਹ ਡਰ ਕਰਕੇ ਹੁੰਦਾ ਹੈ ਕਿ ਜਿਸ ਆਦਮੀ, ਇਸਤਰੀ ਜਾਂ ਬੱਚੇ ਨਾਲ ਬਲਾਤਕਾਰ ਕੀਤਾ ਗਿਆ ਹੈ ਉਸ ਉੱਪਰ ਵਿਸ਼ਵਾਸ਼ ਨਹੀਂ ਕੀਤਾ ਜਾਵੇਗਾ, ਜਾਂ ਕਿ ਉਸ ਨੇ ਕਿਸੇ ਤਰ੍ਹਾਂ ਹਮਲੇ ਵਿੱਚ ਯੋਗਦਾਨ ਪਾਇਆ ਹੈ।

ਜੇ ਆਪਾਂ ਇਨ੍ਹਾਂ ਕੁੱਝ ਫਰਜ਼ੀ ਗੱਲਾਂ ਨੂੰ ਵਧੇਰੇ ਵਿਸਤਾਰ ਨਾਲ ਵਿਚਾਰੀਏ, ਤਾਂ ਇਹ ਆਸਾਨੀ ਨਾਲ ਦੇਖਿਆ ਜਾ ਸਕੇਗਾ ਕਿ ਇਨ੍ਹਾਂ ਵਿੱਚ ਤਰਕ ਜਾਂ ਸੱਚਿਆਈ ਬਹੁਤ ਘੱਟ ਮੌਜੂਦ ਹੈ...



**ਫਰਜ਼ੀ ਗੱਲ** - **ਬਲਾਤਕਾਰ ਕੋਈ ਖਬਤੀ ਜਾਂ ਪੁੱਠਾ ਆਦਮੀ ਕਰਦਾ ਹੈ।**

**ਅਸਲੀਅੱਤ** - ਜੋ ਵਿਅਕਤੀ ਬਲਾਤਕਾਰ ਕਰਦਾ ਹੈ ਉਹ ਰਾਖਸ਼ ਨਹੀਂ ਹੁੰਦਾ, ਬਲਾਤਕਾਰੀ ਨੂੰ ਜ਼ਿਆਦਤਰ ਇੱਜ਼ਤ ਵਾਲਾ, ਅੱਛਾ, ਸਧਾਰਨ ਵਿਅਕਤੀ ਸਮਝਿਆ ਜਾਂਦਾ ਹੈ ਅਤੇ ਸ਼ਿਕਾਰ ਹੋਇਆ ਉਸ ਤੋਂ ਜਾਣੂ ਹੋ ਸਕਦਾ ਹੈ।

**ਫਰਜ਼ੀ ਗੱਲ** - **ਬਲਾਤਕਾਰ ਕੇਵਲ ਕਿਸੇ ਪਰਾਏ ਵਿਅਕਤੀ ਵੱਲੋਂ, ਹਨੇਰੇ ਵਾਲੀ ਸੜ੍ਹਕ ਤੇ, ਬਹੁਤ ਦੇਰ ਰਾਤ ਨੂੰ ਹੀ ਕੀਤਾ ਜਾਂਦਾ ਹੈ।**

**ਅਸਲੀਅੱਤ** - ਬਹੁਤ ਜ਼ਿਆਦਾਤਰ ਸ਼ਿਕਾਰਾਂ ਨਾਲ ਉਨ੍ਹਾਂ ਦੇ ਜਾਣੂ ਵਿਅਕਤੀ ਬਲਾਤਕਾਰ ਕਰਦੇ ਹਨ। ਬਹੁਤੇ ਲੋਕੀ ਕਿਸੇ ਪਰਾਏ ਵਿਅਕਤੀ ਦੇ ਨੇੜੇ ਨਹੀਂ ਜਾਂਦੇ, ਪਰ ਜਿਸ ਵਿਅਕਤੀ ਨੂੰ ਉਹ ਜਾਣਦੇ ਹਨ ਉਸ ਨਾਲ ਉਹ ਸੌਖ ਅਨੁਭਵ ਕਰਦੇ ਹਨ। ਬਹੁਤੇ ਬਲਾਤਕਾਰ ਦੇ ਹਮਲੇ ਸ਼ਿਕਾਰ ਜਾਂ ਹਮਲਾਵਰ ਦੇ ਘਰ ਕੀਤੇ ਜਾਂਦੇ ਹਨ।

**ਫਰਜ਼ੀ ਗੱਲ** - **ਚੰਗੇ ਵਿਅਕਤੀਆਂ ਨਾਲ ਬਲਾਤਕਾਰ ਨਹੀਂ ਕੀਤਾ ਜਾਂਦਾ।**

**ਅਸਲੀਅੱਤ** - ਕਿਸੇ ਨਾਲ ਵੀ ਬਲਾਤਕਾਰ ਕੀਤਾ ਜਾ ਸਕਦਾ ਹੈ। ਹਰ ਉੱਮਰ, ਸ਼੍ਰੇਣੀ ਅਤੇ ਨਸਲ ਦੇ ਲੋਕਾਂ ਨਾਲ ਬਲਾਤਕਾਰ ਹੋ ਚੁੱਕਾ ਹੈ। ਕਿਸੇ ਵਿਅਕਤੀ ਦੇ ਰੁਤਬੇ ਦਾ ਇਸ ਨਾਲ ਕੋਈ ਸੰਬੰਧ ਨਹੀਂ।

**ਫਰਜ਼ੀ ਗੱਲ** - **ਇਸਤਰੀਆਂ/ਮਰਦ ਬਲਾਤਕਾਰ ਦਾ ਅਨੰਦ ਮਾਣਦੇ ਜਾਂ ਬਾਰੇ ਕਲਪਨਾ ਕਰਦੇ ਹਨ।**

**ਅਸਲੀਅੱਤ** - ਬਲਾਤਕਾਰ ਜਿਨਸੀ ਹਿੰਸਾ ਅਤੇ ਅਪਮਾਨ ਦਾ ਅਪਰਾਧ ਹੈ, ਜਿਸ ਵਿੱਚ ਬਹੁਤ ਕੁੱਟਮਾਰ, ਸਰੀਰਕ ਬੰਦਸ਼ ਅਤੇ ਹਥਿਆਰਾਂ ਦੀ ਵਰਤੋਂ ਵੀ ਸ਼ਾਮਲ ਹੋ ਸਕਦੀ ਹੈ। ਬਹੁਤੇ ਸ਼ਿਕਾਰਾਂ ਸਾਥ ਜੀਵਨ ਭਰ ਲਈ ਸਰੀਰਕ ਅਤੇ ਮਾਨਸਿਕ ਨਿਸ਼ਾਨ ਰਹਿੰਦੇ ਹਨ। ਇਹ ਹਰ ਵਿਅਕਤੀ ਲਈ ਘਨਾਉਣਾ ਅਤੇ ਬੇਇੱਜ਼ਤੀ ਵਾਲਾ ਤਜ਼ਰਬਾ ਹੁੰਦਾ ਹੈ।

ਅਸਲ ਵਿੱਚ ਬਲਾਤਕਾਰ ਦੇ ਸ਼ਿਕਾਰ ਕੋਲ ਕੋਈ ਚੋਣ ਨਹੀਂ ਹੁੰਦੀ। ਬਲਾਤਕਾਰ ਵੈਹਸਿ ਅਤੇ ਦਵੈਸ਼ ਭਰਿਆ ਹੋ ਸਕਦਾ ਹੈ ਅਤੇ ਆਗਿਆ ਮੰਗੀ ਹੀ ਨਹੀਂ ਗਈ ਸੀ ਜਾਂ ਬਾਰੇ ਵਿਚਾਰ ਹੀ ਨਹੀਂ ਸੀ ਕੀਤਾ ਗਿਆ।

**ਫਰਜ਼ੀ ਗੱਲ** - **ਬਲਾਤਕਾਰੀਆਂ ਉੱਪਰ ਬੇਕਾਬੂ ਜਿਨਸੀ ਉਤੇਜਨਾ ਦੀ ਜੱਕੜ ਹੁੰਦੀ ਹੈ।**

**ਅਸਲੀਅੱਤ** - ਇਹ ਸਪਸ਼ਟ ਹੈ ਕਿ ਬਲਾਤਕਾਰੀ ਨੂੰ ਸੰਭੋਗ ਦੀ ਬਜਾਏ ਤਾਕਤ ਅਤੇ ਕਾਬੂ ਕਰਨ ਤੋਂ ਸੁਆਦ ਆਉਂਦਾ ਹੈ।